**International Journal of Research in Social Sciences**
Vol. 9 Issue 5, May 2019,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

# ਮੁਸਲਿਮ ਲੀਗ ਦੀ ਰਾਜਨੀਤੀ

**ਮਨਦੀਪ ਕੌਰ**
ਐਮ.ਏ. ਇਤਿਹਾਸ, ਗੋਲਡ ਮੈਡਲਿਸਟ

**ਸਾਰ -** ਅੰਗਰੇਜ਼ਾਂ ਦੇ ਭਾਰਤ ਵਿੱਚ ਆਉਣ ਤੋਂ ਪਹਿਲਾਂ ਹਿੰਦੂ ਅਤੇ ਮੁਸਲਮਾਨ ਬੜੇ ਇਤਫ਼ਾਕ ਅਤੇ ਪਿਆਰ ਨਾਲ ਇਕੱਠੇ ਰਹਿੰਦੇ ਸਨ। ਉਨ੍ਹਾਂ ਵਿੱਚ ਕੋਈ ਵੀ ਮੱਤਭੇਦ ਨਹੀਂ ਸਨ ਅਤੇ ਉਹ ਇੱਕ-ਦੂਜੇ ਤੋਂ ਵੱਖ ਨਹੀਂ ਹੋਣਾ ਚਾਹੁੰਦੇ ਸਨ। ਜਦੋਂ ਅੰਗਰੇਜ਼ ਭਾਰਤ ਵਿੱਚ ਰਾਜ ਕਰਨ ਆਏ ਤਾਂ ਉਨ੍ਹਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇੱਕ-ਦੂਜੇ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ ਅਤੇ 'ਫੁੱਟ ਪਾਉ ਅਤੇ ਰਾਜ ਕਰੋ' ਦੀ ਨੀਤੀ ਅਪਣਾਈ। ਬ੍ਰਿਟਿਸ਼ ਸਰਕਾਰ ਨੇ ਮੁਸਲਮਾਨਾਂ ਨੂੰ ਸਰਕਾਰੀ ਨੌਕਰੀਆਂ ਤੋਂ ਵਾਂਝੇ ਰੱਖਿਆ, ਸਿੱਖਿਆ ਅਤੇ ਵਿਕਾਸ ਦੇ ਖੇਤਰ ਵਿੱਚ ਉਨ੍ਹਾਂ ਨੂੰ ਲਤਾੜਿਆ, ਜਿਸ ਨਾਲ ਫ਼ਿਰਕੂ ਭਾਵਨਾ ਪੈਦਾ ਹੋਈ। ਅੰਗਰੇਜ਼ਾਂ ਨੇ ਆਪਣੇ ਰਾਜ ਦੇ ਸ਼ੁਰੂ ਵਿੱਚ ਤਾਂ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇੱਕ-ਦੂਜੇ ਦੇ ਖ਼ਿਲਾਫ਼ ਭੜਕਾਉਣ ਦੀ ਨੀਤੀ ਨੂੰ ਨਾ ਅਪਣਾਇਆ ਪਰ 1857 ਈ. ਦੇ ਵਿਦਰੋਹ ਤੋਂ ਬਾਅਦ ਉਨ੍ਹਾਂ ਇਸ ਵਿੱਚ ਕੋਈ ਕਸਰ ਨਾ ਛੱਡੀ। ਉਨ੍ਹਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਫੁੱਟ ਪਾ ਕੇ ਰਾਜ ਕਰ ਲਿਆ। ਇਸ ਦਾ ਮੁੱਖ ਕਾਰਨ ਇਹ ਸੀ ਕਿ ਅੰਗਰੇਜ਼ਾਂ ਦੀ ਨਜ਼ਰ ਵਿੱਚ 1857 ਈ. ਦਾ ਵਿਦਰੋਹ ਉਨ੍ਹਾਂ ਨੂੰ ਭਾਰਤ 'ਚੋਂ ਬਾਹਰ ਕੱਢਣ ਲਈ ਸੰਪੂਰਨ ਭਾਰਤੀ ਜਨਤਾ ਦਾ ਇੱਕ ਮਹਾਨ ਅਤੇ ਸਾਂਝਾ ਯਤਨ ਸੀ। ਅੰਗਰੇਜ਼ 1857 ਈ. ਦੇ ਵਿਦਰੋਹ ਨੂੰ ਮੁਸਲਮਾਨਾਂ ਦੀ ਸਾਜਿਸ਼ ਦਾ ਸਿੱਟਾ ਸਮਝਦੇ ਸਨ, ਜਿਸ ਕਾਰਨ ਉਨ੍ਹਾਂ ਦੇ ਗੁੱਸੇ ਦਾ ਪਹਿਲਾ ਸ਼ਿਕਾਰ ਭਾਰਤੀ ਮੁਸਲਮਾਨ ਹੋਏ। ਮੁਸਲਿਮ ਲੀਗ ਦੀ ਸਥਾਪਨਾ 1906 ਈ. ਵਿੱਚ ਹੋਈ। ਮੁਸਲਿਮ ਲੀਗ ਦੇ ਗਠਨ ਦੇ ਪਿੱਛੇ ਕਿਤੇ ਨਾ ਕਿਤੇ 1857 ਈ. ਦੀ ਬਗ਼ਾਵਤ ਦਾ ਯੋਗਦਾਨ ਵਧੇਰੇ ਰਿਹਾ। ਇਹ ਬਗ਼ਾਵਤ ਦੋ ਧਿਰਾਂ ਵਿਚਕਾਰ ਹੋਈ। ਅੰਗਰੇਜ਼ਾਂ ਨੇ ਮੁਸਲਮਾਨਾਂ ਨੂੰ ਨੌਕਰੀਆਂ ਦੇਣੀਆਂ ਬੰਦ ਕਰ ਦਿੱਤੀਆਂ, ਜਿਸ ਕਾਰਨ ਮੁਸਲਮਾਨ ਹੋਰ ਗ਼ਰੀਬ ਅਤੇ ਗ਼ੈਰ-ਮੁਸਲਿਮ ਅਮੀਰ ਹੁੰਦੇ ਗਏ।

**ਮੁੱਖ ਸ਼ਬਦ -** ਮੁਸਲਿਮ ਲੀਗ, ਭਾਰਤ, ਅੰਗਰੇਜ਼, ਹਿੰਦੂ, ਮੁਸਲਮਾਨ, ਬ੍ਰਿਟਿਸ਼ ਸਰਕਾਰ, 1857 ਈ. ਦਾ ਵਿਦਰੋਹ, ਮੁਹੰਮਦ ਅਲੀ ਜਿਨਾਹ।

**ਜਾਣ-ਪਛਾਣ -** 1871 ਈ. ਵਿੱਚ W.W. Hunter ਨੇ 'The Indian Musalmans' ਨਾਮ ਦੀ ਕਿਤਾਬ ਪ੍ਰਕਾਸ਼ਿਤ ਕੀਤੀ। ਜਿਸ ਵਿੱਚ ਉਸ ਨੇ ਕਿਹਾ ਕਿ ਮੁਸਲਮਾਨ ਪੜ੍ਹੇ-ਲਿਖੇ ਹਨ। ਉਹ ਹੁਣ ਆਪਣੇ ਰਾਜਨੀਤਿਕ ਅਧਿਕਾਰਾਂ ਦੀ ਮੰਗ ਕਰ ਰਹੇ ਹਨ। ਗ਼ੈਰ-ਮੁਸਲਮਾਨਾਂ ਨੇ ਆਪਣੀਆਂ ਸਿਆਸੀ ਸੰਸਥਾਵਾਂ ਬਣਾਈਆਂ ਹਨ। ਉਹ ਆਪਣੇ ਹੱਕ ਮੰਗ ਰਹੇ ਹਨ ਜੋ ਕਿ ਅੰਗਰੇਜ਼ਾਂ ਲਈ ਖ਼ਤਰਾ ਬਣ ਗਏ ਹਨ। ਮੁਸਲਿਮ ਭਾਈਚਾਰਾ ਬਹੁਤ ਕਮਜ਼ੋਰ ਹੋ ਗਿਆ ਕਿਉਂਕਿ ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਦੀ ਆਰਥਿਕ ਸਥਿਤੀ ਅਤੇ ਸਿੱਖਿਆ ਵੱਲ ਕੋਈ ਧਿਆਨ ਨਹੀਂ ਦਿੱਤਾ। ਬ੍ਰਿਟਿਸ਼ ਸਰਕਾਰ ਨੇ ਗ਼ੈਰ-ਮੁਸਲਮਾਨਾਂ ਦਾ ਸਮੱਰਥਨ ਕਰਨ ਦਾ ਫ਼ੈਸਲਾ ਕੀਤਾ।

## ਮੁਸਲਿਮ ਲੀਗ ਦੇ ਗਠਨ ਦੇ ਕਾਰਨ

1883-84 ਈ. ਵਿੱਚ ਸਰ ਸੱਯਦ ਅਹਿਮਦ ਖਾਂ ਨੇ ਪੰਜਾਬ ਅਤੇ ਹੋਰ ਕਈ ਥਾਵਾਂ ਦਾ ਦੌਰਾ ਕੀਤਾ ਅਤੇ ਆਪਣੇ ਭਾਸ਼ਣ ਵਿੱਚ ਕਿਹਾ, "ਹਿੰਦੂ ਅਤੇ ਮੁਸਲਮਾਨ ਭਾਰਤ ਦੀ ਦੁਲਹਨ ਦੀਆਂ ਦੋ ਅੱਖਾਂ ਹਨ।" ਚਾਰ ਸਾਲ ਬਾਅਦ ਅਗਸਤ, 1888 ਈ. ਵਿੱਚ ਸਰ ਸੱਯਦ ਅਹਿਮਦ ਖਾਂ ਨੇ ਇੱਕ ਹੋਰ ਭਾਸ਼ਣ ਦਿੱਤਾ ਅਤੇ ਕਿਹਾ, "ਹਿੰਦੂ ਅਤੇ ਮੁਸਲਮਾਨ ਇਕੱਠੇ ਨਹੀਂ ਰਹਿ ਸਕਦੇ, ਸਾਡੇ ਧਰਮ ਦਾ ਆਧਾਰ ਵੱਖਰਾ ਹੈ।" ਇੰਡੀਅਨ ਨੈਸ਼ਨਲ ਕਾਂਗਰਸ ਦੇ ਗਠਨ ਕਾਰਨ ਇਕੱਠੇ ਰਹਿਣਾ ਬਹੁਤ ਮੁਸ਼ਕਿਲ ਹੈ। ਇੰਡੀਅਨ ਨੈਸ਼ਨਲ ਕਾਂਗਰਸ ਦੇ ਵਿਰੋਧ ਦੇ ਬਾਵਜੂਦ ਉਨ੍ਹਾਂ ਨੇ ਆਪਣੇ ਲਈ ਰਾਖਵੇਂਕਰਨ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਅਤੇ ਨਾਲ ਹੀ ਵੱਖਰੀ ਪਾਰਟੀ ਬਣਾਉਣ ਦੇ ਕਾਰਨ ਵੀ ਦੱਸੇ।

1. **ਬ੍ਰਿਟਿਸ਼ ਸਰਕਾਰ ਦੀਆਂ ਨੀਤੀਆਂ -** 1857 ਈ. ਦੇ ਵਿਦਰੋਹ ਤੋਂ ਬਾਅਦ ਬ੍ਰਿਟਿਸ਼ ਸਰਕਾਰ ਦੀਆਂ ਗ਼ਲਤ

**International Journal of Research in Social Sciences**
Vol. 9 Issue 5, May 2019,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਨੀਤੀਆਂ ਕਾਰਨ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਮੱਤਭੇਦ ਵਧਣ ਲੱਗੇ ਕਿਉਂਕਿ ਸਰ ਸੱਯਦ ਅਹਿਮਦ ਖਾਂ ਦੀ ਮੌਤ ਤੋਂ ਬਾਅਦ ਵੀ ਅਲੀਗੜ੍ਹ ਕਾਲਜ ਮੁਸਲਿਮ ਫ਼ਿਰਕਾਪ੍ਰਸਤੀ ਦਾ ਗੜ੍ਹ ਬਣਿਆ। ਲਾਰਡ ਕਰਜ਼ਨ ਨੇ ਬੰਗਾਲ ਦੀ ਵੰਡ ਕਰਕੇ ਇਸ ਅੱਗ ਵਿੱਚ ਤੇਲ ਪਾਉਣ ਲਈ ਬੰਗਾਲ ਦੀ ਵੰਡ ਤੋਂ ਪਹਿਲਾਂ ਬੰਗਾਲ ਦਾ ਦੌਰਾ ਕੀਤਾ ਅਤੇ ਮੁਸਲਮਾਨਾਂ ਦੀਆਂ ਭਾਵਨਾਵਾਂ ਨੂੰ ਭੜਕਾਇਆ। ਜਿਸ ਸਦਕਾ ਬੰਗਾਲ ਦੀ ਵੰਡ ਤੋਂ ਬਾਅਦ ਉਨ੍ਹਾਂ ਵਿੱਚ ਫ਼ਿਰਕੂ ਦੰਗੇ ਸ਼ੁਰੂ ਹੋ ਗਏ। ਅੰਤ ਵਿੱਚ ਅੰਗਰੇਜ਼ਾਂ ਦੀਆਂ ਫ਼ਿਰਕੂ ਨੀਤੀਆਂ ਕਾਰਨ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਆਪਸੀ ਮੱਤਭੇਦ ਦੇ ਬੀਜ ਬੀਜੇ ਗਏ।

2. **ਸਮਾਜ ਸੁਧਾਰਕ ਲਹਿਰਾਂ ਦਾ ਪ੍ਰਭਾਵ -** ਮੁਸਲਿਮ ਲੀਗ ਦੇ ਗਠਨ ਵਿੱਚ ਆਰੀਆ ਸਮਾਜ, ਬ੍ਰਹਮੋ ਸਮਾਜ ਅਤੇ ਵਹਾਬੀ ਵਰਗੀਆਂ ਸਮਾਜ ਸੁਧਾਰ ਲਹਿਰਾਂ ਵੀ ਸ਼ਾਮਿਲ ਸਨ। 'ਵਹਾਬੀ ਲਹਿਰ', ਜੋ ਕਿ ਸਾਰੇ ਲੋਕਾਂ ਨੂੰ ਇਸਲਾਮ ਵਿੱਚ ਤਬਦੀਲ ਕਰਨਾ ਚਾਹੁੰਦੀ ਸੀ, ਨੇ ਵੀ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਦਰਾੜ ਪੈਦਾ ਕਰ ਦਿੱਤੀ ਜੋ ਕਿ ਮੁਸਲਿਮ ਲੀਗ ਦੇ ਗਠਨ ਦਾ ਕਾਰਨ ਬਣੀ।
3. **ਸਰਕਾਰੀ ਨੌਕਰੀਆਂ ਬਾਰੇ ਬ੍ਰਿਟਿਸ਼ ਸਰਕਾਰ ਦੀ ਨੀਤੀ -** 1857-58 ਈ. ਵਿੱਚ ਬਰਤਾਨਵੀਂ ਸਰਕਾਰ ਨੇ ਭਾਰਤੀ ਮੁਸਲਮਾਨਾਂ ਨੂੰ ਨੌਕਰੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਪਰ ਫਿਰ ਬ੍ਰਿਟਿਸ਼ ਸਰਕਾਰ ਨੇ ਆਪਣੀ ਨੀਤੀ ਨੂੰ ਬਦਲ ਕੇ ਭਾਰਤੀ ਮੁਸਲਮਾਨਾਂ ਦੀ ਥਾਂ ਗ਼ੈਰ-ਮੁਸਲਮਾਨਾਂ ਨੂੰ ਨੌਕਰੀਆਂ ਦੇਣੀਆਂ ਆਰੰਭ ਕਰ ਦਿੱਤੀਆਂ। ਨਤੀਜੇ ਵਜੋਂ ਭਾਰਤੀ ਮੁਸਲਮਾਨ ਹੁਣ ਹਿੰਦੂਆਂ ਦੇ ਵਿਰੁੱਧ ਹੋ ਗਏ। ਅਜਿਹਾ ਕਰਕੇ ਬ੍ਰਿਟਿਸ਼ ਸਰਕਾਰ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਫੁੱਟ ਪੈਦਾ ਕਰ ਦਿੱਤੀ।
4. **ਸ਼ਿਮਲਾ ਡੈਪੂਟੇਸ਼ਨ -** ਅਲੀਗੜ੍ਹ ਕਾਲਜ ਦੇ ਪ੍ਰਿੰਸੀਪਲ ਮਿ. ਆਰਚਬਾਲਡ ਦੇ ਸਹਿਯੋਗ ਨਾਲ ਭਾਰਤ ਸਰਕਾਰ ਅਤੇ ਯੂ.ਪੀ. ਸਰਕਾਰ ਨੇ ਇੱਕ ਠੋਸ ਉਪਰਾਲਾ ਕੀਤਾ। ਉਨ੍ਹਾਂ ਨੇ ਦੱਸਿਆ ਕਿ ਬ੍ਰਿਟਿਸ਼ ਸਰਕਾਰ ਭਾਰਤ ਦੀਆਂ ਲੈਜਿਸਲੇਟਿਵ ਕੌਂਸਿਲਾਂ ਦਾ ਵਿਸਥਾਰ ਕਰਨ ਬਾਰੇ ਸੋਚ ਰਹੀ ਹੈ, ਜੋ ਕਿ ਮੁਸਲਮਾਨਾਂ ਦੇ ਹਿੱਤਾਂ ਦੀ ਰਾਖੀ ਦੇ ਪੱਖ ਵਿੱਚ ਹਨ, ਉਨ੍ਹਾਂ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ। ਇਸ ਤੋਂ ਬਾਅਦ ਸਰ ਆਗਾ ਖ਼ਾਨ ਦੀ ਅਗਵਾਈ ਵਿੱਚ ਭਾਰਤੀ ਮੁਸਲਮਾਨਾਂ ਦੇ ਉੱਘੇ ਨੁਮਾਇੰਦਿਆਂ ਦਾ ਇੱਕ ਵਫਦ ਸ਼ਿਮਲਾ ਵਿੱਚ ਵਾਇਸਰਾਏ ਸਾਹਮਣੇ ਪੇਸ਼ ਹੋਇਆ। ਜਿਸ ਨੇ ਆਪਣੇ ਡੈਪੂਟੇਸ਼ਨ ਵਿੱਚ ਇਹ ਮੰਗਾਂ ਰੱਖੀਆਂ:
    - ਮੁਸਲਮਾਨਾਂ ਨੂੰ ਸਹੀ ਅਨੁਪਾਤ ਵਿੱਚ ਸਰਕਾਰੀ ਨੌਕਰੀਆਂ ਦਿੱਤੀਆਂ ਜਾਣ।
    - ਫ਼ਿਰਕੂ ਚੋਣ-ਪ੍ਰਣਾਲੀ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ।
    - ਹਰ ਹਾਈਕੋਰਟ ਵਿੱਚ ਮੁਸਲਮਾਨਾਂ ਨੂੰ ਜੱਜ ਨਿਯੁਕਤ ਕੀਤਾ ਜਾਵੇ।
    - ਉੱਚ ਨੌਕਰੀਆਂ ਲਈ ਭਾਰਤੀਆਂ ਲਈ ਕੋਈ ਪ੍ਰਤੀਯੋਗੀ ਪ੍ਰੀਖਿਆ ਨਹੀਂ ਹੋਣੀ ਚਾਹੀਦੀ।

## ਮੁਸਲਿਮ ਲੀਗ ਦੀ ਸਥਾਪਨਾ ਅਤੇ ਉਦੇਸ਼

ਮੁਸਲਿਮ ਲੀਗ ਦੀ ਸਥਾਪਨਾ 30 ਦਸੰਬਰ, 1906 ਈ. ਨੂੰ ਸਰ ਆਗਾ ਖ਼ਾਨ, ਨਵਾਬ ਵੱਕਾਰ-ਉੱਲ-ਮੁਲਕ, ਨਵਾਬ ਮੋਹਸਿਨ-ਉੱਲ-ਮੁਲਕ ਅਤੇ ਨਵਾਬ ਸਲੀਮ ਉੱਲਾ ਖ਼ਾਨ ਦੁਆਰਾ ਕੀਤੀ ਗਈ। ਇਸ ਦੀ ਪਹਿਲੀ ਸੰਸਥਾ ਢਾਕਾ ਵਿਖੇ ਸਥਾਪਿਤ ਕੀਤੀ ਗਈ ਅਤੇ ਬਾਅਦ ਵਿੱਚ ਲਖ਼ਨਊ ਵਿੱਚ ਤਬਦੀਲ ਕਰ ਦਿੱਤੀ ਗਈ। ਮੁਸਲਿਮ ਲੀਗ ਦੇ ਕੁੱਝ ਪ੍ਰਮੁੱਖ ਉਦੇਸ਼ ਸਨ, ਜੋ ਕਿ ਹੇਠ ਲਿਖੇ ਹਨ:

1. **ਸਿਆਸੀ ਪਛਾਣ -** ਮੁਸਲਿਮ ਲੀਗ ਦੇ ਗਠਨ ਦਾ ਮੁੱਖ ਉਦੇਸ਼ ਇੱਕ ਵੱਖਰੀ ਸਿਆਸੀ ਪਛਾਣ ਬਣਾਉਣਾ, ਸਾਰੇ ਮੁਸਲਮਾਨਾਂ ਨੂੰ ਇੱਕਜੁੱਟ ਕਰਨਾ ਅਤੇ ਭਾਰਤੀ ਮੁਸਲਮਾਨਾਂ ਵਿੱਚ ਦੇਸ਼-ਭਗਤੀ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਸੀ।
2. **ਅਸਹਿਮਤੀ ਦਾ ਖ਼ਾਤਮਾ -** ਮੁਸਲਿਮ ਲੀਗ ਦਾ ਦੂਜਾ ਉਦੇਸ਼ ਅੰਗਰੇਜ਼ਾਂ ਅਤੇ ਮੁਸਲਮਾਨਾਂ ਵਿਚਕਾਰ ਮੱਤਭੇਦਾਂ ਨੂੰ ਦੂਰ ਕਰਨਾ, ਅੰਗਰੇਜ਼ਾਂ ਨਾਲ ਮਿਲਕੇ ਕੰਮ ਕਰਨਾ ਅਤੇ ਉਨ੍ਹਾਂ ਪ੍ਰਤੀ ਵਫ਼ਾਦਾਰੀ ਦੀ ਭਾਵਨਾ ਨੂੰ ਉਤਸ਼ਾਹਿਤ

ਕਰਨਾ ਸੀ।

3. **ਵੱਖ-ਵੱਖ ਭਾਈਚਾਰਿਆਂ ਨਾਲ ਤਾਲਮੇਲ -** ਹੁਣ ਤੱਕ ਬਹੁਤ ਸਾਰੇ ਨਵੇਂ ਲੋਕ ਮੁਸਲਿਮ ਲੀਗ ਵਿੱਚ ਸ਼ਾਮਿਲ ਹੋ ਗਏ ਸਨ। ਜਿਨ੍ਹਾਂ ਵਿੱਚ ਨੌਜਵਾਨਾਂ ਦੀ ਗਿਣਤੀ ਵਧੇਰੇ ਸੀ ਅਤੇ ਪਾਰਟੀ ਨੇ ਦੇਸ਼ ਦੀਆਂ ਕਈ ਹੋਰ ਜੱਥੇਬੰਦੀਆਂ ਨਾਲ ਵੀ ਦੋਸਤੀ ਕਰਨੀ ਸ਼ੁਰੂ ਕਰ ਦਿੱਤੀ ਸੀ। ਜਿਵੇਂ ਕਿ ਸਪੱਸ਼ਟ ਸੀ ਕਿ "ਮੁਸਲਿਮ ਲੀਗ ਸ਼ੁਰੂ ਤੋਂ ਹੀ ਇੱਕ ਫ਼ਿਰਕੂ ਸੰਗਠਨ ਸੀ ਅਤੇ ਇਸ ਦੇ ਉਦੇਸ਼ ਸਰਬ-ਭਾਰਤੀ ਸੰਗਠਨ ਤੋਂ ਬਹੁਤ ਵੱਖਰੇ ਸਨ।" ਲੰਡਨ ਦੇ ਮਸ਼ਹੂਰ ਅਖ਼ਬਾਰ 'ਦਿ ਟਾਇਮਜ਼' ਨੇ ਵੀ ਇਸ ਦੀ ਸਥਾਪਨਾ ਦਾ ਸਵਾਗਤ ਕੀਤਾ।

## ਪਾਕਿਸਤਾਨ ਅੰਦੋਲਨ

ਮੁਸਲਿਮ ਲੀਗ ਦਾ ਇਜਲਾਸ ਮਾਰਚ, 1940 ਈ. ਵਿੱਚ ਲਾਹੌਰ ਵਿਖੇ ਹੋਇਆ। ਇਸ ਇਜਲਾਸ ਵਿੱਚ ਮੁਹੰਮਦ ਅਲੀ ਜਿਨਾਹ ਨੇ ਪਾਕਿਸਤਾਨ ਦੀ ਮੰਗ ਕੀਤੀ। 'ਪਾਕਿਸਤਾਨ' ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ 1933 ਈ. ਵਿੱਚ ਰਹਿਮਤ ਅਲੀ ਨਾਮਕ ਕੈਂਬ੍ਰਿਜ਼ ਯੂਨੀਵਰਸਿਟੀ ਦੇ ਪੰਜਾਬੀ ਵਿਦਿਆਰਥੀ ਨੇ ਕੀਤੀ ਸੀ। ਕੈਂਬ੍ਰਿਜ਼ ਯੂਨੀਵਰਸਿਟੀ ਦੇ ਕੁੱਝ ਮੁਸਲਮਾਨ ਵਿਦਿਆਰਥੀਆਂ ਨੇ ਆਪਣੇ ਸਾਥੀ ਰਹਿਮਤ ਅਲੀ ਦੀ ਅਗਵਾਈ ਹੇਠ ਇਸ ਬਾਰੇ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਤੀਜੀ ਗੋਲਮੇਜ਼ ਕਾਨਫ਼ਰੰਸ ਦੇ ਸਮੇਂ ਲੰਡਨ ਵਿੱਚ ਇਕੱਠੇ ਹੋਏ ਭਾਰਤੀ ਮੁਸਲਮਾਨਾਂ ਦੇ ਪ੍ਰਤੀਨਿਧੀਆਂ ਨੂੰ ਇਹ ਸੁਝਾਉ ਦਿੱਤਾ ਕਿ ਉਨ੍ਹਾਂ ਨੂੰ ਇਸ ਕਾਨਫ਼ਰੰਸ ਵਿੱਚ ਮੁਸਲਮਾਨਾਂ ਲਈ ਪਾਕਿਸਤਾਨ ਦੇ ਰੂਪ ਵਿੱਚ ਵੱਖਰੇ ਦੇਸ਼ ਦੀ ਮੰਗ ਕਰਨੀ ਚਾਹੀਦੀ ਹੈ। ਕੈਂਬ੍ਰਿਜ਼ ਯੂਨੀਵਰਸਿਟੀ ਦੇ ਮੁਸਲਮਾਨ ਵਿਦਿਆਰਥੀ ਸਮੇਂ-ਸਮੇਂ 'ਤੇ ਪਾਕਿਸਤਾਨ ਦੀ ਮੰਗ ਕਰਦੇ ਰਹੇ ਅਤੇ ਉਨ੍ਹਾਂ ਨੇ ਆਪਣਾ ਸੰਘਰਸ਼ ਜਾਰੀ ਰੱਖਿਆ। ਜਦੋਂ 1940 ਈ. ਦਾ ਲਾਹੌਰ ਪ੍ਰਸਤਾਵ ਪਾਸ ਹੋਣ ਕਰਕੇ ਕਾਂਗਰਸ ਮੰਤਰੀ–ਮੰਡਲ ਨੇ ਅਸਤੀਫ਼ੇ ਦੇ ਦਿੱਤੇ ਤਾਂ ਮੁਸਲਿਮ ਲੀਗ ਦੇ ਰਸਤੇ 'ਚੋਂ ਇੱਕ ਵੱਡਾ ਅੜਿੱਕਾ ਚੁੱਕਿਆ ਗਿਆ। ਜਿਸ ਦਾ ਫ਼ਾਇਦਾ ਚੁੱਕਦਿਆਂ ਲੀਗ ਨੇ ਆਪਣੇ ਸਾਲਾਨਾ ਇਜਲਾਸ ਵਿੱਚ ਇੱਕ ਮਤਾ ਪਾਸ ਕੀਤਾ। ਇਸ ਮਤੇ ਵਿੱਚ ਇਹ ਕਿਹਾ, "ਅੱਜ 'ਪਾਕਿਸਤਾਨ' ਮੁਸਲਿਮ ਲੀਗ ਦਾ ਰਾਜਨੀਤਿਕ ਮੰਤਵ ਹੈ।" ਬੇਸ਼ੱਕ ਇਹ ਪ੍ਰਸਤਾਵ ਅਸਪੱਸ਼ਟ ਸੀ ਪਰ ਫਿਰ ਵੀ ਇਸ ਵਿੱਚ ਮੁਸਲਿਮ ਰਾਜ ਦੀ ਮੰਗ ਬਾਰੇ ਸੰਦੇਹ ਨਹੀਂ ਸੀ।

## ਪਾਕਿਸਤਾਨ ਦਾ ਜਨਮ

ਬ੍ਰਿਟਿਸ਼ ਸਰਕਾਰ ਭਾਰਤ 'ਤੇ ਆਪਣਾ ਰਾਜ ਕਾਇਮ ਰੱਖਣ ਲਈ ਕਾਂਗਰਸ ਦੇ ਵਿਰੁੱਧ ਹੋਰ ਵੀ ਸਰਗਰਮ ਹੋ ਗਈ। ਬ੍ਰਿਟਿਸ਼ ਸਰਕਾਰ ਮੁਸਲਿਮ ਲੀਗ ਦਾ ਸਾਥ ਦੇਣ ਲੱਗੀ। ਬ੍ਰਿਟਿਸ਼ ਸਰਕਾਰ ਵੱਲੋਂ ਭਾਰਤ ਵਿੱਚ ਭੇਜੇ ਗਏ 'ਕ੍ਰਿਪਸ ਮਿਸ਼ਨ' ਕਾਰਨ ਕਾਂਗਰਸ ਦੀ ਸਥਿਤੀ ਹੋਰ ਵੀ ਕਮਜ਼ੋਰ ਹੋ ਗਈ। ਭਾਰਤ ਦੇ ਕਈ ਲੀਡਰਾਂ ਨੇ ਸਮਝੌਤੇ ਦੇ ਕਈ ਕਦਮ ਵੀ ਚੁੱਕੇ ਪਰ ਮੁਹੰਮਦ ਅਲੀ ਜਿਨਾਹ ਨੇ ਪੈਰ ਨਾ ਲਗਾਏ। ਭਾਰਤੀ ਲੀਡਰ ਪੂਰੀ ਤਰ੍ਹਾਂ ਨਾਲ ਅਸਫ਼ਲ ਰਹੇ। 'ਭਾਰਤ ਛੱਡੋ ਅੰਦੋਲਨ' ਦੌਰਾਨ ਜਦੋਂ ਕਾਂਗਰਸ ਦੇ ਲੀਡਰ ਜੇਲ੍ਹਾਂ ਵਿੱਚ ਬੰਦ ਸਨ ਤਾਂ ਮੁਹੰਮਦ ਅਲੀ ਜਿਨਾਹ ਨੇ ਰਾਜਨੀਤਿਕ ਖੇਤਰ ਵਿੱਚ ਉਨ੍ਹਾਂ ਦੀ ਗ਼ੈਰ-ਹਾਜ਼ਰੀ ਦਾ ਪੂਰਾ ਲਾਭ ਉਠਾਇਆ। 1940 ਈ. ਤੋਂ ਲੈ ਕੇ 1946 ਈ. ਤੱਕ ਮੁਹੰਮਦ ਅਲੀ ਜਿਨਾਹ ਨੇ ਆਪਣੀਆਂ ਜੜ੍ਹਾਂ ਇੰਨੀਆਂ ਮਜ਼ਬੂਤ ਕਰ ਲਈਆਂ ਕਿ ਉਨ੍ਹਾਂ 'ਤੇ ਬ੍ਰਿਟਿਸ਼ ਸਰਕਾਰ ਦਾ ਪ੍ਰਭਾਵ ਵੀ ਨਾ ਰਿਹਾ ਅਤੇ ਮਾਹੌਲ ਤਣਾਅਪੂਰਨ ਹੋਣਾ ਸ਼ੁਰੂ ਹੋ ਗਿਆ। ਇਸ ਸਮੇਂ ਭਾਰਤੀ ਅਤੇ ਅੰਗਰੇਜ਼ ਸਿਆਸਤਦਾਨਾਂ ਦੀ ਦ੍ਰਿਸ਼ਟੀ ਵਿੱਚ ਹੁਣ ਭਾਰਤ ਨੂੰ ਵੰਡਣ ਤੋਂ ਬਿਨਾਂ ਭਾਰਤੀ ਸਮੱਸਿਆ ਦਾ ਹੋਰ ਕੋਈ ਹੱਲ ਨਹੀਂ ਸੀ। ਹਾਲਾਤਾਂ ਨੂੰ ਦੇਖਦੇ ਹੋਏ ਲਾਰਡ ਮਾਊਂਟਬੈਟਨ ਨੇ ਭਾਰਤ ਪਹੁੰਚਦਿਆਂ ਹੀ ਕਾਂਗਰਸ, ਲੀਗ ਅਤੇ ਹੋਰ ਸਿਆਸੀ ਪਾਰਟੀਆਂ ਦੇ ਲੀਡਰਾਂ ਨਾਲ ਗੱਲਬਾਤ ਕੀਤੀ ਅਤੇ ਫਿਰ ਇਸ ਆਧਾਰ 'ਤੇ ਭਾਰਤ ਨੂੰ ਵੰਡਣ ਦੀ ਯੋਜਨਾ ਬਣਾਈ। ਇਸ ਯੋਜਨਾ ਨੂੰ ਕਾਂਗਰਸ ਅਤੇ ਮੁਸਲਿਮ ਲੀਗ ਦੇ ਸਵੀਕਾਰ ਕਰਨ ਮਗਰੋਂ ਬ੍ਰਿਟਿਸ਼ ਸਰਕਾਰ ਨੇ 15 ਅਗਸਤ, 1947 ਈ. ਨੂੰ ਭਾਰਤ ਛੱਡਣ ਦਾ ਐਲਾਨ ਕੀਤਾ। ਸਿੱਟੇ ਵਜੋਂ 14 ਅਗਸਤ, 1947 ਈ. ਨੂੰ ਪਾਕਿਸਤਾਨ ਵੱਖਰਾ ਦੇਸ਼ ਬਣਿਆ।

**ਸਿੱਟਾ -** ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਮੁਸਲਿਮ ਲੀਗ ਨੇ ਪਾਕਿਸਤਾਨ ਦੇ ਪੱਖ ਵਿੱਚ ਪ੍ਰਚਾਰ ਸ਼ੁਰੂ ਕਰ ਦਿੱਤਾ। ਉਨ੍ਹਾਂ

ਨੇ ਮੁਸਲਮਾਨਾਂ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਕਿ ਪਾਕਿਸਤਾਨ ਇੱਕ ਖ਼ੁਸ਼ਹਾਲ ਇਸਲਾਮੀ ਰਾਜ ਹੋਵੇਗਾ, ਜਿਸ ਦੀ ਸ਼ਾਸਨ ਸੱਤਾ ਉਨ੍ਹਾਂ ਦੇ ਹੱਥ ਵਿੱਚ ਹੋਵੇਗੀ। ਮੁੱਕਦੀ ਗੱਲ ਇਹ ਹੈ ਕਿ ਸਿਰਫ਼ ਦੋ ਸਾਲਾਂ ਦੇ ਸਮੇਂ ਵਿੱਚ ਮੁਸਲਿਮ ਲੀਗ ਦੀਆਂ ਕਾਰਵਾਈਆਂ ਨਾਲ ਸੰਪਰਦਾਇਕ ਖਿੱਚੋਤਾਣ ਬਹੁਤ ਵਧ ਗਈ। ਮੁਹੰਮਦ ਅਲੀ ਜਿਨਾਹ ਮੁਸਲਮਾਨਾਂ ਦੇ ਇੱਕ ਵੱਡੇ ਲੀਡਰ ਬਣ ਗਏ। ਮੁਹੰਮਦ ਅਲੀ ਜਿਨਾਹ ਦੇ ਮੂੰਹ ਦੀ ਆਵਾਜ਼ ਇਹ ਸੀ ਕਿ ਹਿੰਦੂ ਅਤੇ ਮੁਸਲਮਾਨ ਦੋਵੇਂ ਇਕੱਠੇ ਇੱਕ ਦੇਸ਼ ਵਿੱਚ ਨਹੀਂ ਰਹਿ ਸਕਦੇ। ਇਨ੍ਹਾਂ ਦੋਵਾਂ ਵਿੱਚ ਆਪਸੀ ਮੱਤਭੇਦ ਬਹੁਤ ਵਧ ਗਏ ਹਨ। ਉਨ੍ਹਾਂ ਨੇ ਕਿਹਾ ਕਿ ਮੁਸਲਮਾਨਾਂ ਨੂੰ ਵੱਖਰੇ ਕਰ ਦਿੱਤਾ ਜਾਵੇ ਭਾਵ ਕਿ ਮੁਸਲਮਾਨਾਂ ਦਾ ਵੱਖਰਾ ਦੇਸ਼ ਬਣਾਇਆ ਜਾਵੇ ਪਰ ਅੰਤ ਵਿੱਚ ਮੁਸਲਿਮ ਲੀਗ ਦੇ ਵੱਡੇ ਨੇਤਾ ਮੁਹੰਮਦ ਅਲੀ ਜਿਨਾਹ ਮੁਸਲਮਾਨਾਂ ਦਾ ਵੱਖਰਾ ਦੇਸ਼ ਬਣਵਾਉਣ ਵਿੱਚ ਕਾਮਯਾਬ ਹੋ ਗਏ, ਜਿਸ ਨੂੰ 'ਪਾਕਿਸਤਾਨ' ਦਾ ਨਾਂ ਦਿੱਤਾ ਗਿਆ।

**ਹਵਾਲੇ ਨੋਟ -**

- Anita Inder Singh, *The Origins of the Partition of India, 1936-1947*, p. 141.
- S.L. Sikri, *Bharat da Rashtri Andolan ate Sinvidhanik Vikas*, p. 144.
- Ram Gopal, *Indian Muslims: A Political History (1858-1947).*
- Col. S.C. Dhiman, *Princely States, the Muslim League and the Partition of India*.
- Ishwari Prasad, *A Short History of Muslim Rule in India (From the Conquest of Islam to the Death of Aurangzeb).*
- Rajendra Prasad, *India Divided*, Third Edition, p. 211.
- Satya M. Rai, *Partition of the Punjab: A Study of its Effects on the Politics and Administration of the Punjab (I), 1947-56*.
- S.R. Mehrotra, *Towards India's Freedom and Partition*.
- V.P. Menon, *The Transfer of Power in India*.
- The Statesman, 20 August 1946.
- The Times of India, 21 March 1925.